ਨਰਮੇ-ਕਪਾਹ ਦੀ ਫ਼ਸਲ ਲਈ ( 9-15 ਜੂਨ 2015) ਸਿਫ਼ਾਰਿਸ਼ਾਂ

ਪੰਜਾਬ

1. ਜੂਨ ਮਹੀਨੇ ਵਿੱਚ ਨਰਮੇ-ਕਪਾਹ ਦੀ ਬਿਜਾਈ ਨਾ ਕਰੋ।

2. ਜਦੋਂ ਨਰਮਾ-ਕਪਾਹ ਦੀ ਬਿਜਾਈ 31 ਮਈ ਤੋਂ ਬਾਅਦ ਕੀਤੀ ਜਾਂਦੀ ਹੈ ਤਾਂ ਇਸ ਤੇ ਵਿਸ਼ਾਣੂ ਰੋਗ (ਠੂੰਠੀ ਰੋਗ) ਦਾ ਹਮਲਾ ਜ਼ਿਆਦਾ ਹੁੰਦਾ ਹੈ।

3. ਜ਼ਰੂਰਤ ਤੋਂ ਜ਼ਿਆਦਾ ਖਾਦਾਂ ਦੀ ਵਰਤੋਂ ਨਾ ਕਰੋ, ਜ਼ਿਆਦਾ ਖਾਦਾਂ ਨਾਲ ਰਸ ਚੂਸਣ ਵਾਲੇ ਕੀੜਿਆਂ ਦਾ ਹਮਲਾ ਵੱਧ ਜਾਂਦਾ ਹੈ।

4. ਇਸ ਮਹੀਨੇ ਵਿੱਚ ਕਿਸੇ ਵੀ ਕੀਟਨਾਸ਼ਕ ਦੀ ਵਰਤੋਂ ਨਾ ਕਰੋ।

ਹਰਿਆਣਾ

1. ਜੂਨ ਮਹੀਨੇ ਵਿੱਚ ਨਰਮੇ-ਕਪਾਹ ਦੀ ਬਿਜਾਈ ਨਾ ਕਰੋ।

2. ਜਦੋਂ ਨਰਮਾ-ਕਪਾਹ ਦੀ ਬਿਜਾਈ 31 ਮਈ ਤੋਂ ਬਾਅਦ ਕੀਤੀ ਜਾਂਦੀ ਹੈ ਤਾਂ ਇਸ ਤੇ ਵਿਸ਼ਾਣੂ ਰੋਗ (ਠੂੰਠੀ ਰੋਗ) ਦਾ ਹਮਲਾ ਜ਼ਿਆਦਾ ਹੁੰਦਾ ਹੈ।

3. ਜ਼ਰੂਰਤ ਤੋਂ ਜ਼ਿਆਦਾ ਖਾਦਾਂ ਦੀ ਵਰਤੋਂ ਨਾ ਕਰੋ, ਜ਼ਿਆਦਾ ਖਾਦਾਂ ਨਾਲ ਰਸ ਚੂਸਣ ਵਾਲੇ ਕੀੜਿਆਂ ਦਾ ਹਮਲਾ ਵੱਧ ਜਾਂਦਾ ਹੈ।

4. ਇਸ ਮਹੀਨੇ ਵਿੱਚ ਕਿਸੇ ਵੀ ਕੀਟਨਾਸ਼ਕ ਦੀ ਵਰਤੋਂ ਨਾ ਕਰੋ।

ਰਾਜਸਥਾਨ

1. ਜੂਨ ਮਹੀਨੇ ਵਿੱਚ ਨਰਮੇ-ਕਪਾਹ ਦੀ ਬਿਜਾਈ ਨਾ ਕਰੋ।

2. ਜਦੋਂ ਨਰਮਾ-ਕਪਾਹ ਦੀ ਬਿਜਾਈ 31 ਮਈ ਤੋਂ ਬਾਅਦ ਕੀਤੀ ਜਾਂਦੀ ਹੈ ਤਾਂ ਇਸ ਤੇ ਵਿਸ਼ਾਣੂ ਰੋਗ (ਠੂੰਠੀ ਰੋਗ) ਦਾ ਹਮਲਾ ਜ਼ਿਆਦਾ ਹੁੰਦਾ ਹੈ।

3. ਜ਼ਰੂਰਤ ਤੋਂ ਜ਼ਿਆਦਾ ਖਾਦਾਂ ਦੀ ਵਰਤੋਂ ਨਾ ਕਰੋ, ਜ਼ਿਆਦਾ ਖਾਦਾਂ ਨਾਲ ਰਸ ਚੂਸਣ ਵਾਲੇ ਕੀੜਿਆਂ ਦਾ ਹਮਲਾ ਵੱਧ ਜਾਂਦਾ ਹੈ।

4. ਇਸ ਮਹੀਨੇ ਵਿੱਚ ਕਿਸੇ ਵੀ ਕੀਟਨਾਸ਼ਕ ਦੀ ਵਰਤੋਂ ਨਾ ਕਰੋ।

ਉੜੀਸਾ

1. ਇਸ ਹਫਤੇ ਵਿੱਚ ਨਰਮੇ - ਕਪਾਹ ਦੀ ਬਿਜਾਈ ਕੀਤੀ ਜਾ ਸਕਦੀ ਹੈ।

ਗੁਜਰਾਤ

1. ਅਮਰੇਲੀ, ਭਾਵਨਗਰ ਅਤੇ ਜਾਮਨਗਰ ਵਿੱਚ ਸਿੰਚਾਈ ਤੋਂ ਬਾਅਦ ਨਰਮੇ ਕਪਾਹ ਦੀ ਬਿਜਾਈ ਕੀਤੀ ਜਾ ਸਕਦੀ ਹੈ।
2 ਅਹਿਮਦਾਬਾਦ ਅਤੇ ਸੁੰਦਰਨਗਰ ਵਿੱਚ ਜਮੀਨ ਦੀ ਤਿਆਰੀ ਕਰ ਦਿਉ ਅਤੇ ਸਟੌਪ ਸਪਰੇਅ ਬਿਜਾਈ ਤੋਂ ਪਹਿਲਾ ਕੀਤੀ ਜਾ ਸਕਦੀ ਹੈ।
3. ਬੜੌਦਰਾ, ਰਾਜਕੋਟ, ਭਾਰੂਚ ਵਿੱਚ ਸਟੌਪ ਦੀ ਸਪਰੇਅ ਬਜਾਈ ਤੋ ਪਹਿਲਾ ਕੀਤੀ ਜਾ ਸਕਦੀ ਹੈ।
4. ਪਟਨ, ਸਬਰਕੰਥਾ ਅਤੇ ਮੈਸ਼ਨਾਂ ਵਿੱਚ ਜਮੀਨ ਦੀ ਤਿਆਰੀ ਕਰ ਕੇ ਰੱਖੌ।

ਮੱਧ ਪ੍ਰਦੇਸ਼

ਨਰਮੇ ਕਪਾਹ ਦੀ ਬਿਜਾਈ ਸੁਰੂ ਨਹੀਂ ਹੋਈ ਹੈ।

ਮਹਾਂਰਾਸ਼ਟਰ (ਨਾਗਪੁਰ, ਵਾਰਧਾ, ਚੰਦਰਪੁਰ ਯਾਵਤਮੱਲ, ਅਮਰਾਵਤੀ, ਅਕੋਲਾ, ਬੁਲਦਾਨਾ ਅਤੇ ਪਰਬਨੀ)

1. ਸਟੌਪ ਦੀ ਸਪਰੇਅ ਬਿਜਾਈ ਤੋ ਪਹਿਲਾ ਕੀਤਾ ਜਾ ਸਕਦੀ ਹੈ।
2. ਅਗੇਤੀ ਬਿਜਾਈ ਦੀਆਂ ਕਿਸਮਾਂ ਅਤੇ ਹਾਈਬ੍ਰਿਡ ਦਾ ਬੀਜ ਖਰੀਦ ਲਵੋ।

(ਨਦੇੜ, ਵਸ਼ੀਮ, ਦੂਲੇ, ਜਲਗਾਓ)

1. ਸਿੰਚਾਈ ਤੋ ਬਾਅਦ ਨਰਮੇ ਕਪਾਹ ਦੀ ਬਿਜਾਈ ਕੀਤੀ ਜਾ ਸਕਦੀ ਹੈ।

(ਬੀੜ, ਜਾਲਨਾ ਅਤੇ ਔਰੰਗਾਬਾਦ )

1. ਸਟੌਪ ਦੀ ਸਪਰੇਅ ਬਿਜਾਈ ਤੋ ਪਹਿਲਾਂ ਕੀਤੀ ਜਾ ਸਕਦੀ ਹੈ।

ਤੇਲਗਾਨਾ

1. ਸਟੌਪ ਦੀ ਸਪਰੇਅ ਬਿਜਾਈ ਤੋ ਪਹਿਲਾਂ ਕੀਤੀ ਜਾ ਸਕਦੀ ਹੈ।

ਆਧਰਾਂ ਪ੍ਰਦੇਸ਼

1. ਨਰਮੇ-ਕਪਾਹ ਦੀ ਬਿਜਾਈ ਕੀਤੀ ਜਾ ਸਕਦੀ ਹੈ।
2. ਸਟੌਪ ਦੀ ਸਪਰੇਅ ਬਿਜਾਈ ਤੋ ਪਹਿਲਾਂ ਕੀਤੀ ਜਾ ਸਕਦੀ ਹੈ।

ਕਰਨਾਟਕਾ

1. ਸਟੌਪ ਦੀ ਸਪਰੇਅ ਬਿਜਾਈ ਤੋ ਪਹਿਲਾਂ ਕੀਤੀ ਜਾ ਸਕਦੀ ਹੈ।

**ਨਰਮੇ-ਕਪਾਹ ਦੀ ਫਸਲ ਲਈ ( 10 ਤੋ 17 ਜੂਨ 2015) ਸਿਫਾਰਿਸ**

**ਉਤੱਰੀ ਭਾਰਤ:**

1. ਨਰਮੇ-ਕਪਾਹ ਦੀ ਫaਸਲ ਸੀਡਲਿੰਗ ਅਵਸਥਾ ਵਿੱਚ ਹੈ।
2. ਸਮੇ ਸਿਰ ਖਿੱੜਨ ਵਾਲੀਆਂ ਬੀ.ਜੀ ਨਰਮਾ ਜਾਂ ਕਿਸਮਾਂ ਜੋ ਸੀ.ਆਈ.ਸੀ.ਆਰ.ਜਾਂ ਪ੍ਰਾਂਤ ਖੇਤੀਬਾੜੀ ਯੂਨੀਵਰਸਿਟੀ ਵੱਲੋ ਸਿਫਾਰਿਸਾਂ ਹਨ ਅਤੇ ਠੂੰਠੀ ਰੋਗ ਨੂੰ ਸਹਿਣਸੀਲ ਹਨ ਉਹਨਾਂ ਦੀ ਹੀ ਬਿਜਾਈ ਕਰੋ।
3. ਠੂੰਠੀ ਰੋਗ ਨੂੰ ਸਹਿਣਸੀਲ ਦੇਸੀ ਕਪਾਹ ਦੀਆਂ ਕਿਸਮਾਂ ਉਤੱਰੀ ਭਾਰਤ ਲਈ ਸਿਫਾਰਿਸ ਕੀਤੀਆਂ ਜਾਂਦੀਆਂ ਹਨ।
4. ਫਸਲਾਂ ਦੀ ਰਹਿਦ-ਖੂਹਦ ਅਤੇ ਪਹਿਲੇ ਉਘੇ ਨਰਮੇ-ਕਪਾਹ ਦੇ ਪੌਦਿਆਂ ਨੂੰ ਨਸਟ ਕਰ ਦਿਓ।
5. ਕਿਸਾਨ ਭਰਾਵਾਂ ਨੂੰ ਇਟਸਿੱਟ ਅਤੇ ਹੋਰ ਨਦੀਨਾਂ ਦੀ ਰੋਕਥਾਮ ਲਈ ਸਿਫਾਰਿਸ ਕੀਤੀ ਜਾਂਦੀ ਹੈ।
6. ਸੁਰੂਆਤੀ ਅਵਸਥਾ ਵਿੱਚ ਜੂੰ ਦਾ ਹਮਲਾ ਹੋ ਸਕਦਾ ਹੈ ,ਪਰ ਇਹ ਕੀੜਾ ਕੋਈ ਵੀ ਆਰਥਿਕ ਨੁਕਸਾਨ ਨਹੀ ਕਰਦਾ। ਰਸ ਚੂਸਣ ਵਾਲੇ ਕੀੜਿਆਂ ਦਾ ਲਗਾਤਾਰ ਸਰਵੇਖਣ ਕਰਦੇ ਰਹੋ।
7. ਇਸ ਸਮੇ ਦੌਰਾਨ ਕੀਟ-ਨਾਸਕਾ ਦੀ ਸਪਰੇਅ ਨਾ ਕਰੋ।

**ਮੱਧ ਅਤੇ ਦੱਖਣੀ ਭਾਰਤ**

1. ਗੁਜਰਾਤ,ਮੱਧ ਪ੍ਰਦੇਸ, ਮਹਾਰਾਸਟਰਾ ਅਤੇ ਉੜੀਸਾ ਵਿੱਚ ਨਰਮੇ ਕਪਾਹ ਦੀ ਬਿਜਾਈ 15 ਤੋ 25 ਜੂਨ ਤੱਕ ਕੀਤੀ ਜਾ ਸਕਦੀ ਹੈ।
2. ਦੱਖਣੀ ਭਾਰਤ ਵਿੱਚ ਨਰਮੇ-ਕਪਾਹ ਦੀ ਬਿਜਾਈ 15 ਜੁਲਾਈ ਤੋ ਬਾਅਦ ਨਹੀ ਕਰਨੀ ਚਾਹੀਦੀ ਹੈ।
3. ਨਰਮੇ ਕਪਾਹ ਦੀ ਸੰਘਣੀ ਬਿਜਾਈ ਵੱਟਾਂ ਉਤੇ ਸਿਫਾਰਿਸ ਕੀਤੀ ਜਾਂਦੀ ਹੈ।
4. ਜਦੋ ਮੀਹਂ 8-10 ਸੈਟਂਮੀਟਰ ਪੈ ਜਾਵੇ ਤਾਂ ਮੀਹਂ ਨਾਲ ਸਿੰਚਾਈ ਵਾਲੇ ਇਲਾਕਿਆਂ ਵਿੱਚ ਨਰਮੇ-ਕਪਾਹ ਦੀ ਬਿਜਾਈ ਕਰ ਦੇਣੀ ਚਾਹੀਦੀ ਹੈ।
5. ਅਗੇਤੀਆਂ ਖਿੱੜਨ ਵਾਲੀਆਂ ਬੀ.ਟੀ.ਕਪਾਹ ਦੀਆਂ ਦੋਗਲੀਆਂ ਕਿਸਮਾਂ ਸਿਫਾਰਿਸ ਕੀਤੀਆਂ ਜਾਂਦੀਆਂ ਹਨ।
6. ਜਿਥੇ ਸਿੰਚਾਈ ਮੀਹਂ ਨਾਲ ਹੋਵੇ ਉਥੇ ਬੀ.ਟੀ. ਨਰਮੇ ਦੀਆਂ ਦੋਗਲੀਆਂ ਕਿਸਮਾਂ ਵਿੱਚ 90 x 10 ਸੈ:ਮੀ: ਦਾ ਫਾਸਲਾ ਹੋਣਾ ਚਾਹੀਦਾ ਹੈ ਅਤੇ ਸਿੰਚਾਈ ਵਾਲੇ ਖੇਤਾਂ ਵਿੱਚ ਇਹ ਹੋਰ ਵੀ ਵੱਧ ਹੋਣਾ ਚਾਹੀਦਾ ਹੈ।
7. ਨਾਨ ਬੀ.ਟੀ. ਕਿਸਮਾਂ (ਸੂਰਜ, ਐਨੱ.ਐਚੱ 615, ਏ.ਕੇ.ਐਚੱ 081, ਫੂਲੇ ਧਨਵੰਤਰੀ) ਅਗੇਤੀਆਂ ਖਿੜਲ ਵਾਲੀਆਂ ਹਨ। ਜੇਕਰ ਇਹਨਾਂ ਦੀ ਬਿਜਾਈ ਸੰਘਣੀ 60 x 10 ਸੈ:ਮੀ: (40 x 10 ਸੈ:ਮੀ:, ਫੂਲੇ ਧਨਵੰਤਰੀ ਲਈ) 15 ਜੂਨ ਤੋ ਪਹਿਲਾਂ ਕੀਤੀ ਜਾਵੇ ਤਾਂ ਇਹਨਾਂ ਨੂੰ ਸੋਕੇ ਅਤੇ ਸੁੰਡੀਆਂ ਤੋ ਬਚਾਇਆ ਜਾ ਸਕਦਾ ਹੈ।

8. ਨਾਨ-ਬੀ.ਟੀ.ਕਿਸਮਾਂ ਦੀ ਸੰਘਣੀ ਬਿਜਾਈ ਵਿੱਚ ਸੋਇਆਬੀਨ (ਬਰੈਡੀਰਾਈਜੋਬੀਅਮ ਜਪੋਨੀਕਮ ਨਾਲ ਬੀਜ ਸੋਧ ਕੇ ਰੌਗਾਂ ਜਾਂ ਮਾਂਹ ਨੂੰ ਅਤਰ-ਫਸਲਾਂ ਦੇ ਤੋਰ ਤੇ 40 x 10 ਸੈ:ਮੀ: ਫਾਸਲੇ ਤੇ ਉਗਾਇਆ ਜਾ ਸਕਦਾ ਹੈ।

9. ਬੀ.ਟੀ. ਨਰਮੇ ਦੀਆਂ ਦੋ ਕਤਾਰਾਂ ਵਿੱਚ ਇੱਕ ਕਤਾਰ ਸੋਇਆਬੀਨ, ਰੋਂਗੀ (Cowper) ਜਾਂ ਮਾਂਹ (Blackgram) ਦੀ ਰਲਵੀ ਫਸਲ ਦੇ ਤੋਰ ਤੇ ਲਗਾਈ ਜਾ ਸਕਦੀ ਹੈ।

10. ਅਰਹਰ ਦੀਆਂ 2-3 ਕਤਾਰਾਂ ਨਰਮੇ ਦੇ ਖੇਤ ਦੇ ਆਲੇ-ਦੁਆਲੇ ਬੀਜਣ ਨਾਲ ਮੀਲੀਬੱਗ ਦਾ ਹਮਲਾ ਰੋਕਿਆ ਜਾ ਸਕਦਾ ਹੈ।

11.ਸਟੌਪਂ 30 ਈ.ਸੀ ਜਾਂ ਬਾਸਾਲਿਨ 45 ਈ.ਸੀ. 2.5 ਲਿਟਰ/ਹੈਕਟੇਅਰ ਦੀ ਸਪਰੇਅ ਬਿਜਾਈ ਤੋ ਪਹਿਲਾਂ ਕਰੋ ਅਤੇ ਇਸ ਤੋ ਬਾਅਦ ਹੱਲ ਨਾਲ ਮਿੱਟੀ ਵਿੱਚ ਮਿਲਾ ਦਿਓ।

12.ਪਹਿਲੇ ਮੀਹਂ ਤੋ ਬਾਅਦ 5-10 ਟਨ/ਹੈਕਟੇਅਰ ਰੂੜ੍ਹੀ ਖੇਤਾਂ ਵਿੱਚ ਪਾਓ।

13.ਐਜੋਟੋਬੈਕਟਰ ਅਤੇ ਪੀ.ਐਸ.ਬੀ ਦੀ 25 ਗ੍ਰਾਮ/ਕਿਲੋ ਬੀਜ ਨਾਲ ਮਿਲਾਉਣ ਤੇ ਬੀਜ ਨੂੰ ਇਮੀਡਾਕਲੋਪਰਿਡ (8 ਗ੍ਰਾਮ), ਵੀਟਾਵੈਕਸ ਜਾਂ ਥੀਰਮ (3 ਗ੍ਰਾਮ)/ ਕਿਲੋ ਨਾਲ ਸੋਧਣ ਤੇ ਰਸ ਚੂਸਣ ਵਾਲੇ ਕੀੜੇ ਅਤੇ ਬਿਮਾਰੀਆਂ ਦੀ ਰੋਕਥਾਮ ਹੁੰਦੀ ਹੈ।

**ਸੀ.ਆਈ.ਸੀ.ਆਰ ਵੱਲੋ ਰੋਕਥਾਮ ਲਈ ਜaਰੂਰੀ ਨੁਕਤੇ ਅਤੇ ਸਿਫਾਰਿਸਾਂ**

**ਕੀੜੇ-ਮਕੌੜਿਆਂ ਦੀ ਰੋਕਥਾਮ**

**ਆਮ ਸਿਫਾਰਿਸਾਂ**

**ਇਵੇ ਕਰੋ:**

1. ਰਸ ਚੂਸਣ ਵਾਲੇ ਕੀੜਿਆਂ ਨੂੰ ਸਹਿਣਸੀਲ ਕਿਸਮਾਂ ਅਤੇ ਬੀ.ਟੀ.ਨਰਮੇ ਦੀਆਂ ਦੋਗਲੀਆਂ ਕਿਸਮਾਂ ਦੀ ਚੋਣ ਕਰੋ ਕਿਉਕਿ ਇਹਨਾਂ ਤੇ ਬਹੁਤ ਘੱਟ ਕੀਟਨਾਸaਕ ਸਪਰੇਅ ਕਰਨ ਦੀ ਲੋੜ ਪੈਂਦੀ ਹੈ।

2. ਨਰਮੇ-ਕਪਾਹ ਵਿੱਚ ਰੋਂਗੀ (Cowper) ਜਾਂ ਜਵਾਰ (Sorghum) ਜਾਂ ਸੋਇਆਬੀਨ (Soyabean) ਦੀ ਰਲਵੀ ਫਸਲ ਲਗਾਉਣ ਨਾਲ ਰਸ ਚੂਸਣ ਵਾਲੇ ਕੀੜਿਆਂ ਦੇ ਪ੍ਰਭਕਸੀਆਂ ਦੀ ਗਿਣਤੀ ਵੱਧਦੀ ਹੈ।

3. ਨਰਮੇ-ਕਪਾਹ ਦੇ ਬੀਜ ਨੂੰ ਇਮੀਡਾਕਲੋਪਰਿਡ 7 ਗ੍ਰਾਮ/ਕਿਲੋ ਦੇ ਹਿਸਾਬ ਨਾਲ ਸੋਧ ਕੇ ਬੀਜੋ।

4. ਨਾਈਟ੍ਰੋਜਨ ਖਾਦਾਂ ਦੀ ਘੱਟ ਵਰਤੋ ਕਰਕੇ ਰਸ ਚੂਸਣ ਵਾਲੇ ਕੀੜਿਆਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

5. ਨਦੀਨਾਂ ਦੀ ਰੋਕਥਾਮ ਅਤੇ ਆਲਾ-ਦੁਆਲਾ ਸਾਫ ਰੱਖੋ ਅਤੇ ਮੀਲੀਬੱਗ ਵਾਲੇ ਪੌਦਿਆਂ ਨੂੰ ਨਸਟ ਕਰ ਦਿਓ।

6. ਜੜ੍ਹਾਂ ਜਾਂ ਮਿੱਟੀ ਵਿੱਚ ਇਮੀਡਾਕਲੋਪਰਿਡ, ਡਾਈਮੈਥੋਏਟ ਜਾਂ ਐਸੀਫੇਟ ਦੀ 30-40 ਦਿਨਾਂ ਅਤੇ 50-60 ਦਿਨਾਂ ਤੋ ਬਾਅਦ ਪਾਉਣ ਨਾਲ ਜੂੰ, ਮੀਰਡ ਬੱਗ, ਮੀਲੀਬੱਗ ਅਤੇ ਹੋਰ ਰਸ ਚੂਸਣ ਵਾਲੇ ਕੀੜਿਆਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

**ਇਵੇ ਨਾ ਕਰੋ:**

1. ਜੇ ਹੋ ਸਕੇ, ਫਸਲ ਵਿੱਚ ਪਹਿਲੇ ਦੋ ਮਹੀਨੇ ਕੋਈ ਵੀ ਕੀਟਨਾਸaਕ ਦੀ ਸਪਰੇਅ ਨਾ ਕਰੋ। ਇਸ ਨਾਲ ਮਿੱਤਰ ਕੀੜਿਆਂ ਨੂੰ ਬਚਾਇਆ ਅਤੇ ਵਧਾਇਆ ਜਾ ਸਕਦਾ ਹੈ। ਚੇਪਾ, ਤੇਲਾ, ਜੂੰ, ਮੀਰਡ, ਚਿੱਟੀ ਮੱਖੀ ਅਤੇ ਮੀਲੀਬੱਗ ਲਈ ਲਾਲ ਸੁੰਡੀ, ਹਰਾ ਘੋੜਾ, ਸੀਰਫਡ ਮੱਖੀ, ਜੀਐਕੋਰਿਸ ਭੂੰਡੀ, ਆਨੀਸੀਅਸ ਜਾਤੀ, ਐਫੀਲੀਈਨਸ, ਮੀਰੀਡ ਬੱਗ ਅਤੇ ਮੱਕੜੀ ਬਹੁਤ ਹੀ ਵਧੀਆ ਪ੍ਰਭਕਸੀ ਹਨ।

2 ਘੱਟ ਨੁਕਸਾਨ ਕਰਨ ਵਾਲੇ ਪਤੰਗੇ ਜਿਵੇ ਕਿ ਪੱਤਾ ਲਪੇਟ ਸੁੰਡੀ ਅਤੇ ਕੁੰਡਮਾਰ ਸੁੰਡੀ ਲਈ ਕੋਈ ਵੀ ਸਪਰੇਅ ਨਾ ਕਰੋ, ਕਿਉਕਿ ਇਹ ਕੀੜੇ ਬਹੁਤ ਹੀ ਘੱਟ ਨੁਕਸਾਨ ਪਹੁੰਚਾਂਦੇ ਹਨ। ਇਹ ਕੀੜੇ ਪ੍ਰਜੀਵੀਆਂ (ਟ੍ਰਾਈਕੋਗਰਾਮਾ, ਐਪਨਟਲੀਜ ਅਤੇ ਸੀਮੀਰੋਪਾ) ਦੀ ਗਿਣਤੀ ਵਧਾਉਣ ਵਿੱਚ ਸਹਾਇਤਾ ਕਰਦੇ ਹਨ ਅਤੇ ਫਿਰ ਇਹ ਪ੍ਰਜੀਵੀ ਅਮਰੀਕਨ ਸੁੰਡੀ ਅਤੇ ਹੋਰ ਸੁੰਡੀਆਂ ਦੀ ਰੋਕਥਾਮ ਕਰਦੇ ਹਨ।

3. ਬੀ.ਟੀ. ਕੀਟਨਾਂਸਕ ਬੀ.ਟੀ. ਨਰਮੇ ਤੇ ਨਾ ਕਰੋ।

4. ਨਿਉਨਕਿਟਨੋਆਇਡ ਕੀਟਨਾਸਕ (ਐਸੀਟਾਮਪਰਿਡ, ਇਮੀਡਾਕਲੋਪਰਿਡ, ਕਲੋਥਾਈਨੀਡਿਨ ਅਤੇ ਥਾਇਆਮੀਥਾਕਸਮ) ਦੀ ਵਰਤੋ ਨਾ ਕਰੋ ਕਿਉਕਿ ਇਸ ਨਾਲ ਕੀੜਿਆਂ ਵਿੱਚ ਜaਹਿਰ ਪ੍ਰਤੀ ਸਹਿਣਸੀਲਤਾ ਆ ਸਕਦੀ ਹੈ।

5. ਵਿਸਵ ਸਿਹਤ ਸੰਗਠਨ ਕਲਾਸ-1 ਵਾਲੇ ਕੀਟਨਾਸਕ (ਫਾਸਫੋਮੀਡਾਨ, ਮੀਥਾਆਇਲ ਪੈਰਾਥੀਓਨ, ਫੋਰੇਟ, ਮੋਨੋਕਰੋਟੋਫਾਸ, ਡਾਈਕਲੋਰੋਵਾਸ, ਕਾਰਬੋਫੁਰਾਨ, ਮੀਥੋਮਿਲ, ਟ੍ਰਾਈਜੋਫਾਸ ਅਤੇ ਮੈਟਾਸੈਸਟੋਕਸ) ਦੀ ਵਰਤੋ ਨਾ ਕਰੋ।

6. ਚਿੱਟੀ ਮੱਖੀ ਦੀ ਰੋਕਥਾਮ ਲਈ ਫੀਪਰੋਨਿਲ ਅਤੇ ਪਰਿਥਰਾਇਡ ਨਾ ਵਰਤੋ।

**ਰਸ ਚੂਸਣ ਵਾਲੇ ਕੀੜਿਆਂ ਦੀ ਰੋਕਥਾਮ**

**ਆਰਥਿਕ ਕਗਾਰ (ਈ.ਟੀ.ਐਲ):-** ਜੇਕਰ ਚਿੱਟੀ ਮੱਖੀ/ਤੇਲੇ ਦੇ ਨੁਕਸਾਨ ਦੀ ਆਰਥਿਕ ਕਗਾਰ (ਗਰੇਡ-॥ ਹੇਠਲੇ ਪੱਤਿਆਂ ਦਾ ਚੁਰੜ ਮੁਰੜ ਜਾਣਾ ਅਤੇ 25 ਪ੍ਰਤੀਸਤ ਪੌਦਿਆਂ ਦੇ ਕੋਨਿਆਂ ਦੇ ਪੱਤੇ ਪੀਲੇ ਹੋ ਜਾਣੇ) ਆ ਜਾਵੇ ਤਾਂ ਹੇਠ ਲਿਖੇ ਰੋਕਥਾਮ ਦੇ ਨੁਕਤੇ ਵਰਤੋ:

ੳ) ਨਿੰਮ ਤੇਲ 1.0 ਪ੍ਰਤੀਸਤ + ਨਿੰਮ ਦੇ ਬੀਜ ਦਾ ਅਰਕ 5.0 ਪ੍ਰਤੀਸਤ +0.05-0.1 ਪ੍ਰਤੀਸਤ ਡਿਟਰਜੈਟ (ਸਾਬਨ)

ਅ) ਵਰਟੀਸੀਲੀਅਮ ਲੇਕਾਨੀ 10 ਗ੍ਰਾਮ ਪ੍ਰਤੀ ਲਿਟਰ ਪਾਣੀ ਵਿੱਚ ਮਿਲਾ ਕੇ ਵਰਤੋ

ੲ) ਡਾਇਆਫੈਨਥੂਯੂਰੋਨ 50 WP@ 800 ਗ੍ਰਾਮ ਏ.ਆਈ. ਪ੍ਰਤੀ ਹੈਕਟੇਅਰ

ਸ) ਫਲੋਨਿਕਾਮਿਡ 50 WG@ 200 ਗ੍ਰਾਮ ਏ.ਆਈ. ਪ੍ਰਤੀ ਹੈਕਟੇਅਰ

ਹ) ਬੂਪਰੋਫੈਜਿਨ 25 SC@ 200 ਗ੍ਰਾਮ ਏ.ਆਈ. ਪ੍ਰਤੀ ਹੈਕਟੇਅਰ

ਇਹਨਾਂ ਕੀਟਨਾਸਕਾਂ ਤੋ ਇਲਾਵਾ ਡਾਈਮੈਥੋਏਟ ਜਾਂ ਐਸੀਫੇਟ ਜਾਂ ਈਥੀਆਨ ਵੀ ਅਦਲ ਬਦਲ ਕੇ ਕੀਤੇ ਜਾ ਸਕਦੇ ਹਨ। ਜੇਕਰ ਮੀਰਡ ਬੱਗ ਫੁੱਲ ਡੋਡੀ ਨੂੰ ਆਰਥਿਕ ਨੁਕਸਾਨ ਪਹੁੰਚਾਂਦੀ ਹੈ ਤਾਂ ਐਸੀਫੇਟ 75 SP ਜਾਂ ਡਾਈਮੈਥੋਏਟ @ 1ਮਿ:ਲਿ: ਪ੍ਰਤੀ ਲਿਟਰ ਪਾਣੀ ਵਿੱਚ ਮਿਲਾ ਕੇ ਵਰਤੋ ।

**ਸੁੰਡੀਆਂ ਦੀ ਰੋਕਥਾਮ:-**

ਬੀ.ਟੀ. ਨਰਮਾ ਸੁੰਡੀਆਂ ਨੂੰ ਰੋਕਣ ਦੀ ਸਮਰੱਥਾ ਰੱਖਦਾ ਹੈ।

**ਨਾਨ ਬੀ.ਟੀ. ਤੇ ਸੁੰਡੀਆਂ ਦੀ ਰੋਕਥਾਮ ਲਈ ਸਿਫਾਰਿਸਾਂ:**

**ਅਮਰੀਕਣ ਸੁੰਡੀ:-** ਜੇਕਰ ਖੇਤ ਵਿੱਚ 50 ਪ੍ਰਤੀਸਤ ਬੂਟਿਆਂ ਤੇ ਅਮਰੀਕਣ ਸੁੰਡੀ ਦਾ ਹਮਲਾ ਹੋਵੇ ਤਾਂ ਇਹ ਇਸ ਦੀ ਆਰਥਿਕ ਕਗਾਰ ਹੁੰਦੀ ਹੈ। ਇਸ ਦੀ ਰੋਕਥਾਮ ਹੇਠ ਲਿਖੇ ਅਨੁਸਾਰ ਕੀਤੀ ਜਾ ਸਕਦੀ ਹੈ।

1. HaNVP ਦੀ ਵਰਤੋ ਕਰੋ ਅਤੇ ਇਸ ਤੋ ਬਾਅਦ 5 ਪ੍ਰਤੀਸਤ NSKE ਦਾ ਛਿੜਕਾਅ ਇੱਕ ਹਫਤੇ ਦੇ ਵਕਫੇ ਤੇ ਕਰੋ ਜਾਂ ਫੋਸਾਲੋਨ ਦੀ ਵਰਤੋ ਸੁੰਡੀਆਂ ਦੇ ਹਮਲੇ ਜਾਂ ਚਿੱਟੀ ਮੱਖੀ ਦੀ ਰੋਕਥਾਮ ਲਈ ਆਰਥਿਕ ਕਗਾਰ ਤੇ ਹੀ ਕਰੋ।
2. ਬਿਜਾਈ ਤੋ 70-80 ਦਿਨਾਂ ਬਾਅਦ ਟਰਾਈਕੋਗ੍ਰਾਮਾ ਕਾਰਡ ਨਾਨ ਬੀ.ਟੀ. ਨਰਮੇ-ਕਪਾਹ ਤੇ ਵਰਤੋ । ਟਰਾਈਕੋਗ੍ਰਾਮਾ ਆਂਡੇ ਬੀ.ਟੀ. ਨਰਮੇ ਉਤੇ ਨਾ ਵਰਤੋ ਕਿਉਕਿ ਬੀ.ਟੀ. ਨਰਮਾ ਛੋਟੀਆਂ ਸੁੰਡੀਆਂ ਨੂੰ ਮਾਰਨ ਦੀ ਸਮਰੱਥਾ ਰੱਖਦਾ ਹੈ।
3. ਹੇਠ ਲਿਖੇ ਕੀਟਨਾਸਕਾ ਦੀ ਵਰਤੋ ਅਮਰੀਕਣ ਸੁੰਡੀ ਦੀ ਰੋਕਥਾਮ ਲਈ ਕਰੋ।

ੳ) ਕਲੋਰਨਟਰਪਾਨੀਲੀਪਰੋਲ (ਕੋਰਾਜਿਨ)

ਅ) ਫਲੂਬੈਡਂਆਮਾਈਡ (ਫੇਮ)

ੲ) ਸਪਾਈਨੋਸੈਡ

ਸ) ਐਮਾਮੈਕਟਿਨ ਬੈਨਜੋਏਟ

ਹ) ਇੰਡੋਕਸਾਕਾਰਬ

ਇਹ ਕੀਟਨਾਸਕ ਮਿੱਤਰ ਕੀੜਿਆਂ ਦਾ ਨੁਕਸਾਨ ਬਹੁਤ ਘੱਟ ਕਰਦੇ ਹਨ ਅਤੇ ਅਮਰੀਕਣ ਸੁੰਡੀ ਦੀ ਰੋਕਥਾਮ ਬਹੁਤ ਚੰਗੀ ਤਰ੍ਹਾਂ ਕਰਦੇ ਹਨ।

4. **ਗੁਲਾਬੀ ਸੁੰਡੀ ਅਤੇ ਚਿਤਕਬਰੀ ਸੁੰਡੀ:-** ਜੇਕਰ ਇੱਕ ਸੁੰਡੀ/ਦਸ ਹਰੇ ਟੀਡੇ ਜਾਂ 8 ਬਾਲਗ ਪਤੰਗੇ ਹਰ ਰਾਤ, ਤਿੰਨ ਲਗਾਤਾਰ ਰਾਤਾਂ ਲਈ ਮਿਲਣ ਤਾਂ ਇਹ ਇਹਨਾਂ ਦੀ ਆਰਥਿਕ ਕਗਾਰ ਹੈ। ਇਹਨਾਂ ਸੁੰਡੀਆਂ ਦੀ ਰੋਕਥਾਮ ਲਈ ਕੁਇਨਲਫਾਸ 25EC /ਪ੍ਰੋਫੈਨੋਫਾਸ 50EC@ 2 ਮਿਲੀਲੀਟਰ ਪ੍ਰਤੀ ਲਿਟਰ ਪਾਣੀ ਜਾਂ ਥਾਇਓਡੀਕਾਰਬ 75%WP @2g/ ਲਿਟਰ ਪਾਣੀ ਜਾਂ ਕਿਸੇ ਵੀ ਪਰਿਥਰਾਇਡ ਦੀ ਸਪਰੇਅ ਕਰੋ।

**5. ਤੰਬਾਕੂ ਦੀ ਸੁੰਡੀ:-**ਇਹ ਸੁੰਡੀ ਝੁੰਡਾਂ ਵਿੱਚ ਆਂਡੇ ਦਿੰਦੀ ਹੈ। ਇਸ ਦੀ ਰੋਕਥਾਮ ਲਈ ਆਂਡਿਆਂ ਨੂੰ ਇਕੱਠੇ ਕਰਕੇ ਨਸਟ ਕਰ ਦਿਓ। ਇਸ ਦੀ ਰੋਕਥਾਮ ਲਈ SlNPV@ 500-LE/ ਹੈਕਟੇਅਰ ਜਾਂ ਰੀਮੋਨ 10 EC@ 200 ਮਿਲੀਲਿਟਰ ਜਾਂ ਲਾਰਵਿਨ 75WP@ 250 ਗ੍ਰਾਮ, 250 ਲਿਟਰ ਪਾਣੀ ਵਿੱਚ ਪਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

**6.** ਜੜ੍ਹ ਦੀ ਭੂੰਡੀ ਦੇ ਨੂਕਸਾਨ ਤੋ ਬਚਨ ਲਈ ਪ੍ਰੋਫੈਨੋਫਾਸ @ 2 ਮਿਲੀਲੀਟਰ ਪ੍ਰਤੀ ਲਿਟਰ ਪਾਣੀ ਵਿੱਚ ਪਾ ਕੇ ਛਿੜਕਾਅ

ਕਰੋ।

**7**. ਜਿਥੇ ਭਾਰੀ ਮੀਹ ਪਿਆ ਹੋਵੇ ਉਥੇ ਘੋਗਿਆਂ ਦੇ ਨੁਕਸਾਨ ਤੋ ਬਚਣ ਲਈ 2% ਮੈਟਏਲਡੀਹਾਈਡ @ 12.5ਕਿਲੋ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਛਿੜਕਾਅ ਕਰੋ। ਇਸ ਕੀਟਨਾਸਕ ਦੀ ਵਰਤੋ ਵੱਟਾਂ, ਖੇਤਾ ਦੇ ਆਲੇ-ਦੁਆਲੇ ਜਾਂ ਜਿਥੇ ਨੁਕਸਾਨ ਹੋਵੇ ਉਥੇ ਹੀ ਕਰੋ।

**ਬਿਮਾਰੀਆਂ ਦੀ ਰੋਕਥਾਮ**

**ਪੈਰਾਵਿਲਟ/ਕਮਲਾਉਣਾ/ਜੜ੍ਹਾਂ ਦਾ ਗਲਣਾ:-** ਇਹ ਬਿਮਾਰੀ ਔੜ ਤੋ ਬਾਅਦ ਭਾਰੀ ਮੀਹਂ ਜਾਂ ਸਿੰਚਾਈ ਦੇਣ ਨਾਲ ਆ ਜਾਂਦੀਆਂ ਹਨ। ਇਸ ਬਿਮਾਰੀ ਦੀ ਰੋਕਥਾਮ ਲਈ ਕੋਬਾਲਟ ਕਲੋਰਾਈਡ @ 10 ਮਿਲੀਗ੍ਰਾਮ/ਲਿਟਰ (10 PPM) ਦੀ ਵਰਤੋ ਬਿਮਾਰੀ ਵਾਲੇ ਬੂਟੇ ਅਤੇ ਬਿਮਾਰੀਆਂ ਦੇ ਲੱਛਣ ਆਉਣ ਦੇ ਕੁਝ ਘੰਟਿਆਂ ਵਿੱਚ ਹੀ ਕਰੋ ਜਾਂ ਕਾਪਰ ਆਕਸੀਕਲੋਰਾਈਡ 25 ਗ੍ਰਾਮ ਅਤੇ 200 ਗ੍ਰਾਮ ਯੂਰੀਆਂ 10 ਲਿਟਰ ਪਾਣੀ ਵਿੱਚ ਘੋਲ ਕੇ ਵਰਤੋ ਜਾਂ ਕਾਰਬੈਡਾਂਜਿਮ 1 ਗ੍ਰਾਮ ਪ੍ਰਤੀ ਲਿਟਰ ਪਾਣੀ ਦੀ ਵਰਤੋ ਕਰੋ।

**ਟੀਡੇ ਦਾ ਗਲਣਾ:-** ਬੱਦਲਵਾਈ ਅਤੇ ਹਲਕੀ ਮੀਹਂ ਤੋ ਬਾਅਦ ਟੀਡੇ ਗਲਣੇ ਸੁਰੂ ਹੋ ਜਾਂਦੇ ਹਨ ਅਤੇ ਸਭ ਤੋ ਪਹਿਲਾਂ ਪੁਰਾਣੇ ਟੀਡੇ ਹੀ ਗਲਦੇ ਹਨ। ਇਸ ਦੀ ਰੋਕਥਾਮ ਲਈ 2 ਗ੍ਰਾਮ ਮੈਨਕੋਜੈਬ 75WP ਜਾਂ ਕਲੋਰੋਥੈਲੋਨਿਲ 70WP@ 2 ਗ੍ਰਾਮ ਜਾਂ 1 ਗ੍ਰਾਮ ਬਵਿਸਟਨ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਵਰਤੋ । ਚੰਗੀ ਰੋਕਥਾਮ ਲਈ 10 ਗ੍ਰਾਮ ਸੈਲਵੈਟ 99 ਜਾਂ 50 ਮਿ:ਲਿ: ਟਰਾਈਟਨ 100 ਲਿਟਰ ਪਾਣੀ ਵਿੱਚ ਮਿਲਾਓ।

**ਝੁਲਸ ਰੋਗ:-** ਇਸ ਦੀ ਰੋਕਥਾਮ ਲਈ ਮੈਨਕੋਜੈਬ 75WP@ 2.5 ਗ੍ਰਾਮ ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਸਪਰੇਅ ਕਰੋ।

**ਪੱਤਿਆਂ ਦੇ ਧੱਬੇ ਅਤੇ ਹੋਰ ਝੁਲਸ ਰੋਗ:-** ਇਹਨਾਂ ਦੀ ਰੋਕਥਾਮ ਲਈ ਸਟਰੈਪਟੋਸਾਈਕਲੀਨ (15-20 ਗ੍ਰਾਮ ਪ੍ਰਤੀ ਹੈਕਟੇਅਰ) + ਕਾਪਰ ਆਕਸੀਕਲੋਰਾਈਡ (1500-2000 ਗ੍ਰਾਮ ਪ੍ਰਤੀ ਹੈਕਟੇਅਰ ) ਨੂੰ 200-250 ਲਿਟਰ ਪਾਣੀ ਵਿੱਚ ਪਾ ਕੇ ਛਿੜਕਾਅ ਕਰੋ।

**ਨਦੀਨਾਂ ਦੀ ਰੋਕਥਾਮ:-**

ਨਦੀਨਨਾਸਕ ਨਵੇ ਨਦੀਨਾਂ ਦੀ ਚੰਗੀ ਰੋਕਥਾਮ ਕਰਦੇ ਹਨ।

ਉਗੇ ਹੋਏ ਨਦੀਨਾਂ ਲਈ ਨਦੀਨਨਾਸਕ (ਮਾਤਰਾ 50 ਤੋ 75 ਗ੍ਰਾਮ ਏ.ਆਈ ਹੈਕਟੇਅਰ)

**ਘਾਹ ਨਦੀਨ:-** ਕਿਉਜਇਲਾਫੋਪ ਇਥਾਇਲ ਜਾਂ ਫੀਨੋਕਸਾਪ੍ਰੋਪ ਇਥਾਇਲ ਜਾਂ ਫਲੂਜੀਫੋਪ ਬੂਟਾਇਲ ਦੀ ਸਪਰੇਅ ਕਰੋ।

**ਡੀਲਾ, ਮੋਥਾ ਅਤੇ ਘਾਹ ਨਦੀਨ:-** ਪਰੋਪਾਕੁਜਿਲਾ ਫੌਪ ਇਥਾਇਲ ਦਾ ਛਿੜਕਾਅ ਕਰੋ।

**ਚੋੜੇ ਪੱਤਿਆਂ ਵਾਲੇ ਨਦੀਨ:-** ਪੈਰੀਥਾਇਓਬੈਕ ਸੋਡੀਅਮ ਦਾ ਛਿੜਕਾਅ ਕਰੋ।

ਜਦੋ ਨਦੀਨ ਉਗੱ ਆਉਦਂ ਹਨ ਓਦੋ ਨਦੀਨ-ਨਾਸaਕ ਪ੍ਰਭਾਵਸਾਲੀ ਅਤੇ ਸਮੇ ਸਿਰ ਰੋਕਥਾਮ ਕਰ ਸਕਦੇ ਹਨ। ਨਦੀਨ-ਨਾਸaਕ ਨਵੇ ਨਦੀਨਾਂ (10-15 ਦਿਨਾਂ ਤੋ ਘੱਟ ਉਮਰ ਦੇ) ਦਾ ਚੰਗਾ ਰੋਕਥਾਮ ਕਰਦੇ ਹਨ ਅਤੇ ਖਾਸ ਕਰਕੇ ਘਾਹ ਵਾਲੇ

ਨਦੀਨਾਂ ਲਈ ਇਹ ਬਹੁਤ ਹੀ ਵਧੀਆ ਹਨ। ਘਾਹ ਵਾਲੇ ਨਦੀਨਾਂ ਲਈ ਕਿਉਜਇਲਾਫੋਪ ਇਥਾਈਲ, ਫੈਨਔਕਸਾਪਰੋਪ ਇਥਾਇਲ, ਫਲੂਜੀਫੋਪ ਬੂਟਾਇਲ ਦੀ ਪੈਰੀਥਾਇਓਬੈਕ ਸੋਡੀਅਮ ਚੌੜੇ ਪੱਤੇ ਵਾਲੇ ਨਦੀਨਾਂ ਲਈ ਅਸਰਦਾਰ ਹੈ। ਹੋਰ ਜਾਣਕਾਰੀ ਲਈ ਕਿਸਾਨ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਨਾਲ ਗੱਲ ਕਰ ਸਕਦੇ ਹਨ।

**ਸੇਮ ਦੀ ਸਮੱਸਿਆਵਾਂ ਦਾ ਪ੍ਰਬੰਧ**

ਕਪਾਹ-ਨਰਮਾ ਜਿਆਦਾ ਪਾਣੀ ਸਹਿਣ ਨਹੀ ਕਰ ਸਕਦਾ। ਦੇਸ ਦੇ ਮੱਧ ਅਤੇ ਦੱਖਣ ਭਾਗ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਜਿਆਦਾ ਮੀਹਂ ਕਾਰਨ ਪਾਣੀ ਖੜਨ ਦੀ ਸਮੱਸਿਆ ਆਉਦਂ ਹੈ। ਕਪਾਹ-ਨਰਮਾ ਕਾਲੀ ਅਤੇ ਚੀਕਣੀ ਮਿੱਟੀ ਅਤੇ ਮਾੜੇ ਪਾਣੀ ਨਿਕਾਸ ਅਵਸਥਾਵਾਂ ਕਰਨ ਸੇਮ ਦੀ ਸਮੱਸਿਆ ਆ ਜਾਂਦੀ ਹੈ। ਮੀਹਂ ਦੇ ਜਿਆਦਾ ਪਾਣੀ ਦੇ ਨਿਕਾਸ ਲਈ ਖੇਤ ਦੀ ਢਲਾਣ ਦੇ ਨਾਲ-ਨਾਲ ਖਾਲ ਬਣਾਓ ਖਾਸ ਕਰ ਭਾਰੀਆਂ ਜਮੀਨਾਂ ਵਿੱਚ। ਮਿੱਟੀ ਵਿੱਚ ਨਮੀ ਦੀ ਸੰਭਾਲ ਲਈ ਖਾਸ ਕਰ ਜਿਥੇ ਮੀਹਂ 700-900 ਮਿਲੀਮੀਟਰ ਹੋਵੇ, ਖੇਤ ਦੀਆਂ ਵੱਟਾਂ ਤੇ ਖਾਲੀਆਂ ਨੂੰ ਦੁਬਾਰਾ ਮਿੱਟੀ ਚੜਾ ਦੇਣੀ ਚਾਹੀਦੀ ਹੈ। ਇਸ ਤਕਨੀਕ ਨਾਲ ਵੱਟਾਂ ਤੇ ਬੀਜੀ ਕਪਾਹ ਮੀਹਂ ਦੇ ਪਾਣੀ ਨੂੰ ਸੰਭਾਲ ਲੈਦਂ ਹੈ ਅਤੇ ਭਾਰੀਆਂ ਜਮੀਨਾਂ ਵਿੱਚ ਜਿਆਦਾ ਮੀਹਂ ਦੇ ਪਾਣੀ ਨਿਕਾਸ ਲਈ ਵੀ ਇਹ ਖਾਲੀਆਂ ਵਰਤੋ ਵਿੱਚ ਆਉਦਂਆਂ ਹਨ।

ਨਿਕਾਸ ਖਾਲ ਖੇਤ ਦੇ ਆਲੇ-ਦੁਆਲੇ ਹੋਣੇ ਚਾਹੀਦੇ ਹਨ ਤਾਂ ਜੋ ਵਾਧੂ ਪਾਣੀ ਨੂੰ ਖੇਤ ਚੋ ਕੱਢਿਆ ਜਾ ਸਕੇ। ਜੇ ਬਿਜਾਈ ਪੂਰੀ ਨਾ ਹੋਈ ਹੋਵੇ ਤਾਂ ਬਿਜਾਈ ਜਲਦੀ ਤੋ ਜਲਦੀ ਵੱਟਾਂ ਅਤੇ ਖਾਲੀਆਂ ਬਣਾ ਕੇ ਵੱਟਾਂ ਦੇ ਉਪੱਰ ਕਰਨ ਦੀ ਸਿਫਾਰਿਸ ਕੀਤੀ ਜਾਂਦੀ ਹੈ। ਇਸ ਤਰ੍ਹਾਂ ਭਾਰੀ ਮੀਹਂ ਦਾ ਫaਸਲ ਤੇ ਅਸਰ ਨਹੀ ਹੁੰਦਾ ਕਿਉਕਿ ਖਾਲੀ ਰਾਹੀ ਵਾਧੂ ਪਾਣੀ ਦਾ ਨਿਕਾਸ ਹੋ ਜਾਂਦਾ ਹੈ। ਜੇਕਰ ਪਾਣੀ ਖੜਨ ਨਾਲ ਫਸਲ ਪੀਲੀ ਪੈ ਜਾਵੇ ਤਾਂ ਖਾਦ ਪਾ ਦੇਣੀ ਚਾਹੀਦੀ ਹੈ। ਜੇ ਮੀਹਂ ਹੋਣ ਦੀ ਸੰਭਾਵਨਾ ਹੋਵੇ ਤਾਂ ਖਾਦ ਦੀ ਵਰਤੋ ਨਹੀ ਕਰਨੀ ਚਾਹੀਦੀ ਕਿਉਕਿ ਮੀਹਂ ਦੇ ਪਾਣੀ ਨਾਲ ਖਾਦਾਂ ਦੇ ਵਹਿ ਜਾਣ ਦਾ ਡਰ ਹੁੰਦਾ ਹੈ। ਖੇਤ ਵਿੱਚ ਪਾਣੀ ਖੜਣ ਨਾਲ ਖਰਾਬ ਹੋਏ ਬੂਟਿਆਂ ਨੂੰ ਠੀਕ ਕਰਨ ਲਈ 0.5 ਤੋ 1.0 % DAP ਜਾਂ 19:19:19 ਦਾ ਛਿੜਕਾਅ ਹਫਤੇ-ਹਫਤੇ ਦੇ ਵਕਫੇ ਤੇ ਕਰੋ।

**ਚੰਗੀ ਫਸਲ ਲੈਣ ਦੇ ਆਮ ਨੁਕਤੇ**

**1. ਵੱਡੇ ਅਤੇ ਲਘੂ ਤੱਤਾਂ ਦਾ ਠੀਕ ਪ੍ਰਬੰਧ:-**

ਮੈਗਨੀਸੀਅਮ ਸਲਫੇਟ 0.5%, 2 %DAP ਦੇ ਛਿੜਕਾਅ ਨਾਲ ਸੁੰਡੀ ਦੀ ਰੋਕਥਾਮ ਵਾਲੇ ਜੀਨ ਦੀ ਸਮਰੱਥਾ ਵੱਧ ਜਾਂਦੀ ਹੈ ਅਤੇ ਫਸਲ ਵਿੱਚ ਪੱਤਿਆਂ ਤੇ ਲਾਲੀ ਦੀ ਸਮੱਸਿਆ ਵੀ ਨਹੀ ਆਉਦੀ 10 PPM/ਲਿਟਰ  ਕੋਬਾਲਟ ਕਲੋਰਾਈਡ ਦਾ ਪੱਤਿਆਂ ਤੇ ਛਿੜਕਾਅ ਅਤੇ 0.1 % ਬਵਿਸਟਨ ਦੀ ਮਿੱਟੀ ਵਿੱਚ ਗੜੁੱਚ ਕਰਨ ਨਾਲ ਕਮਲਾਏ ਹੋਏ ਬੂਟਿਆਂ ਨੂੰ ਠੀਕ ਕੀਤਾ ਜਾ ਸਕਦਾ ਹੈ।

**2. ਪੱਤਿਆਂ ਦੀ ਲਾਲੀ ਦੀ ਰੋਕਥਾਮ**

2 % ਯੂਰੀਆ, 0.5 % ਜ਼ਿੰਕ ਸਲਫੇਟ ਅਤੇ 0.2 % ਬੋਰੋਨ ਦਾ ਛਿੜਕਾਅ 90 ਦਿਨਾਂ ਦੀ ਫਸਲ ਤੇ 15 ਦਿਨਾਂ ਦੇ ਵਕਫੇ ਤੇ ਕਰੋ।

**3. ਫੁੱਲ ਡੋਡੀ ਦੇ ਝੜਨ ਤੋ ਬਚਾਅ**

7 ਮਿਲੀਲਿਟਰ ਪਲੈਨੋਫਿਕਸ 4.5 SL (NAA)15 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਨਾਲ ਫੁੱਲ ਡੋਡੀ ਨੂੰ ਝੜਨ ਤੋ ਬਚਾਇਆ ਜਾ ਸਕਦਾ ਹੈ।